## ਫੇਫੜਿਆਂ ਦੀ ਸਕਰੀਨਿੰਗ ਕਿਸ ਨੂੰ ਕਰਵਾਉਣੀ ਚਾਹੀਦੀ ਹੈ?

ਫੇਫੜਿਆਂ ਦੀ ਸਕਰੀਨਿੰਗ (ਜਾਂਚ) ਉਹਨਾਂ ਲੋਕਾਂ ਲਈ ਸਭ ਤੋਂ ਵਧੀਆ ਹੈ, ਜਿਹਨਾਂ ਨੂੰ ਫੇਫੜਿਆਂ ਦੀ ਕੈਂਸਰ ਹੋਣ ਦਾ ਸਭ ਤੋਂ ਜ਼ਿਆਦਾ ਖਤਰਾ ਹੈ ਅਤੇ ਜਿਹਨਾਂ ਵਿੱਚ ਇਸ ਦੇ ਕੋਈ ਲੱਛਣ ਨਹੀਂ ਦਿਖਾਈ ਦੇ ਰਹੇ। ਆਮ ਤੌਰ ’ਤੇ ਇਸ ਵਿੱਚ ਉਹ ਲੋਕ ਸ਼ਾਮਲ ਹਨ:

- ਜਿਹੜੇ 55 ਤੋਂ 74 ਸਾਲਾਂ ਦੀ ਉਮਰ ਦੇ ਵਿਚਕਾਰ ਹਨ;
- ਜਿਹੜੇ ਹੁਣ ਸਿਗਰਟਾਂ ਪੀਂਦੇ ਹਨ ਜਾਂ ਜਿਹੜੇ ਪਿਛਲੇ ਸਮੇਂ ਵਿੱਚ ਸਿਗਰਟਾਂ ਪੀਂਦੇ ਹੁੰਦੇ ਸਨ; ਅਤੇ
- ਜਿਹਨਾਂ ਦਾ 20 ਸਾਲਾਂ ਜਾਂ ਇਸ ਤੋਂ ਜ਼ਿਆਦਾ ਸਮੇਂ ਲਈ ਸਿਗਰਟਾਂ ਪੀਣ ਦਾ ਇਤਿਹਾਸ ਹੈ।

ਜੇ ਤੁਸੀਂ ਇਹ ਸ਼ਰਤਾਂ ਪੂਰੀਆਂ ਕਰਦੇ ਹੋ, ਤਾਂ ਫੋਨ ਉੱਪਰ ਸਲਾਹ ਮਸ਼ਵਰਾ ਅਤੇ ਖਤਰੇ ਦਾ ਮੁੱਲਾਂਕਣ ਕਰਨ ਲਈ ਕਿਰਪਾ ਕਰਕੇ ਲੰਗ ਸਕਰੀਨਿੰਗ ਪ੍ਰੋਗਰਾਮ (ਫੇਫੜਿਆਂ ਦੀ ਜਾਂਚ ਦੇ ਪ੍ਰੋਗਰਾਮ) ਨੂੰ 1-877-717-5864 ’ਤੇ ਫੋਨ ਕਰੋ। ਜੇ ਤੁਸੀਂ ਇਸ ਸਮੇਂ ਸਿਗਰਟਾਂ ਪੀਂਦੇ ਹੋ ਤਾਂ ਅਸੀਂ ਫੋਨ ਉੱਪਰ ਸਿਗਰਟਾਂ ਛੱਡਣ ਵਿੱਚ ਤੁਹਾਡੀ ਮਦਦ ਕਰਨ ਵਾਲੇ ਵਸੀਲਿਆਂ ਬਾਰੇ ਵੀ ਗੱਲ ਕਰਾਂਗੇ।



## ਫੇਫੜਿਆਂ ਦੀ ਸਕਰੀਨਿੰਗ ਦੀ ਹਰ ਇਕ ਲਈ ਸਿਫਾਰਿਸ਼ ਕਿਉਂ ਨਹੀਂ ਕੀਤੀ ਜਾਂਦੀ?

ਜਿਹੜੇ ਲੋਕ ਸਕਰੀਨਿੰਗ (ਜਾਂਚ) ਦੀਆਂ ਉਪ੍ਰੋਕਤ ਸ਼ਰਤਾਂ ਪੂਰੀਆਂ ਨਹੀਂ ਕਰਦੇ, ਉਹਨਾਂ ਨੂੰ ਆਮ ਤੌਰ ’ਤੇ ਫੇਫੜਿਆਂ ਦੀ ਕੈਂਸਰ ਹੋਣ ਦਾ ਜ਼ਿਆਦਾ ਖਤਰਾ ਨਹੀਂ ਮੰਨਿਆ ਜਾਂਦਾ। ਜੇ ਤੁਸੀਂ ਕਾਫੀ ਲੰਮੇ ਸਮੇਂ ਲਈ ਸਿਗਰਟਾਂ ਨਹੀਂ ਪੀਤੀਆਂ, ਤਾਂ ਹੋ ਸਕਦਾ ਹੈ ਕਿ ਫੇਫੜਿਆਂ ਦੀ ਸਕਰੀਨਿੰਗ (ਜਾਂਚ) ਤੁਹਾਡੇ ਲਈ ਠੀਕ  ਨਾ ਹੋਵੇ।

ਜਿਹਨਾਂ ਲੋਕਾਂ ਵਿੱਚ ਅੱਗੇ ਦਿੱਤੇ ਲੱਛਣਾਂ ਸਮੇਤ ਫੇਫੜਿਆਂ ਦੀ ਕੈਂਸਰ ਦੇ ਲੱਛਣ ਦਿਖਾਈ ਦਿੰਦੇ ਹੋਣ, ਉਹ ਵੀ ਸਕਰੀਨਿੰਗ (ਜਾਂਚ) ਲਈ ਯੋਗ ਨਹੀਂ ਹੁੰਦੇ:

- ਖੰਘ ਜਿਹੜੀ ਠੀਕ ਨਹੀਂ ਹੁੰਦੀ ਜਾਂ ਹੋਰ ਖਰਾਬ ਹੋ ਜਾਂਦੀ ਹੈ;
- ਖੰਘ ਰਾਹੀਂ ਖੂਨ ਜਾਂ ਜੰਗ-ਰੰਗਾ ਥੁੱਕ (ਥੁੱਕ ਜਾਂ ਰੇਸ਼ਾ) ਬਾਹਰ ਆਉਣਾ;
- ਛੋਟੇ ਛੋਟੇ ਸਾਹ ਆਉਣੇ ਜਾਂ ਛਾਤੀ ਵਿੱਚ ਦਰਦ ਹੋਣਾ ਜਿਹੜਾ ਹਮੇਸ਼ਾਂ ਮਹਿਸੂਸ ਹੁੰਦਾ ਹੈ ਅਤੇ ਡੂੰਘੇ ਸਾਹ ਲੈਣ ਜਾਂ ਖੰਘਣ ਨਾਲ ਹੋਰ ਜ਼ਿਆਦਾ ਵੱਧ ਜਾਂਦਾ ਹੈ।

ਜੇ ਤੁਹਾਡੇ ਵਿੱਚ ਇਹਨਾਂ ਵਿੱਚੋਂ ਕੋਈ ਵੀ ਲੱਛਣ ਦਿਖਾਈ ਦਿੰਦਾ ਹੈ, ਤਾਂ ਕਿਰਪਾ ਕਰਕੇ ਇਕਦਮ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਸੰਪਰਕ ਕਰੋ।

## ਗੌਰ ਕਰਨ ਯੋਗ ਗੱਲਾਂ

- ਸਕਰੀਨਿੰਗ ਦਾ ਕੋਈ ਵੀ ਟੈੱਸਟ ਸੰਪੂਰਨ ਨਹੀਂ ਹੁੰਦਾ। ਹੋ ਸਕਦਾ ਹੈ ਕਿ ਤੁਹਾਡੇ ਫੇਫੜੇ ਦਾ ਸਕੈਨ ਇਹ ਦੱਸੇ ਕਿ ਤੁਹਾਨੂੰ ਫੇਫੜਿਆਂ ਦੀ ਕੈਂਸਰ ਹੈ, ਜਦੋਂ ਕਿ ਕੋਈ ਕੈਂਸਰ ਮੌਜੂਦ ਨਾ ਹੋਵੇ (ਝੂਠਾ ਪਾਜ਼ੇਟਿਵ)। ਝੂਠੇ ਪਾਜ਼ੇਟਿਵ ਨਤੀਜੇ ਤੋਂ ਬਾਅਦ ਇਹ ਫੈਸਲਾ ਕਰਨ ਲਈ ਕਿ ਤੁਹਾਨੂੰ ਕੈਂਸਰ ਨਹੀਂ ਹੈ, ਹੋਰ ਪੈਰਵਾਈ ਕਰਨ ਦੀ ਲੋੜ ਹੁੰਦੀ ਹੈ ਜਿਸ ਵਿੱਚ ਸਰਜਰੀ ਵੀ ਸ਼ਾਮਲ ਹੁੰਦੀ ਹੈ। ਇਸ ਸਮੇਂ ਦੌਰਾਨ ਤੁਸੀਂ ਜ਼ਿਆਦਾ ਤਣਾਅ ਅਤੇ ਚਿੰਤਾ ਮਹਿਸੂਸ ਕਰ ਸਕਦੇ ਹੋ।
- ਤੁਹਾਡੇ ਫੇਫੜਿਆਂ ਦੇ ਸਕੈਨ ਤੋਂ ਇਹ ਵੀ ਪਤਾ ਲੱਗ ਸਕਦਾ ਹੈ ਕਿ ਤੁਹਾਡੇ ਵਿੱਚ ਅਜਿਹੀ ਕੈਂਸਰ ਹੈ ਜਿਹੜੀ ਬਹੁਤ ਹੌਲੀ ਹੌਲੀ ਵਧਦੀ ਹੈ ਅਤੇ ਜਿਸ ਨਾਲ ਤੁਹਾਡੀ ਜ਼ਿੰਦਗੀ ਦੌਰਾਨ ਕੋਈ ਮੁਸ਼ਕਿਲ ਪੈਦਾ ਹੋਣ ਦੀ ਸੰਭਾਵਨਾ ਨਹੀਂ ਹੁੰਦੀ। ਇਸ ਨੂੰ ਓਵਰਡਾਇਗਨੌਸਿਸ ਕਹਿੰਦੇ ਹਨ ਅਤੇ ਇਸ ਕਾਰਨ ਤੁਹਾਡਾ ਅਜਿਹਾ ਇਲਾਜ ਕੀਤਾ ਜਾ ਸਕਦਾ ਹੈ, ਜਿਸ ਦਾ ਤੁਹਾਨੂੰ ਕੋਈ ਫਾਇਦਾ ਨਾ ਹੋਵੇ। ਪਰ ਰੋਗ ਦੀ ਪਛਾਣ (ਡਾਇਗਨੌਸਿਸ) ਸਮੇਂ ਸਿਹਤ ਸੰਭਾਲ ਦੇਣ ਵਾਲਿਆਂ ਕੋਲ ਵਧੇਰੇ ਟੈੱਸਟ ਕੀਤੇ ਬਿਨਾਂ ਇਹ ਦੱਸਣ ਦਾ ਹੋਰ ਕੋਈ ਢੰਗ ਨਹੀਂ ਹੁੰਦਾ ਕਿ ਕੀ ਕੈਂਸਰ ਕੋਈ ਮੁਸ਼ਕਿਲਾਂ ਪੈਦਾ ਕਰੇਗੀ ਜਾਂ ਨਹੀਂ।
- ਤੁਹਾਡੇ ਫੇਫੜਿਆਂ ਦੇ ਸਕੈਨ ਨਾਲ ਤੁਹਾਡਾ ਬਹੁਤ ਥੋੜ੍ਹੀ ਜਿਹੀ ਮਾਤਰਾ ਵਿੱਚ ਰੇਡੀਏਸ਼ਨ ਨਾਲ ਵਾਹ ਪਵੇਗਾ, ਪਰ ਵਾਰ ਵਾਰ ਇਹ ਵਾਹ ਪੈਣ ਨਾਲ ਤੁਹਾਨੂੰ ਕੈਂਸਰ ਹੋਣ ਦਾ ਖਤਰਾ ਬਹੁਤ ਘੱਟ ਹੈ. ਇਕ ਐੱਲ ਡੀ ਸੀ ਟੀ ਸਕੈਨ ਆਮ ਸੀ ਟੀ ਸਕੈਨ ਨਾਲੋਂ ਪੰਜ ਗੁਣਾਂ ਘੱਟ ਰੇਡੀਏਸ਼ਨ ਵਰਤਦਾ ਹੈ ਅਤੇ ਇਹ ਕੁਦਰਤੀ ਪਿਛੋਕੜ (ਅਸਮਾਨ ਅਤੇ ਧਰਤੀ ਤੋਂ ਰੇਡੀਏਸ਼ਨ) ਤੋਂ ਛੇ ਮਹੀਨਿਆਂ ਵਿੱਚ ਮਿਲਣ ਵਾਲੀ ਰੇਡੀਏਸ਼ਨ ਵਾਂਗੂ ਹੀ ਹ।

## ਸਾਡੇ ਨਾਲ ਸੰਪਰਕ ਕਰੋ

BC Cancer Lung Screening
801-686 West Broadway
Vancouver, BC V5Z 1G1

ਫੋਨ: 1-877-717-5864
ਈਮੇਲ: screening@bccancer.bc.ca
ਵੈੱਬ: www.screeningbc.ca/lung

ਤੁਹਾਡੀ ਨਿੱਜੀ ਜਾਣਕਾਰੀ ਪਰਸਨਲ ਇਨਫਰਮੇਸ਼ਨ ਐਕਟ ਅਤੇ ਜਦੋਂ ਲਾਗੂ ਹੁੰਦਾ ਹੋਵੇ ਤਾਂ ਫ੍ਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ ਅਨੁਸਾਰ ਇਕੱਤਰ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਐਕਟਾਂ ਅਨੁਸਾਰ ਹੀ ਇਸ ਦੀ ਅਣਅਧਿਕਾਰਤ ਵਰਤੋਂ ਅਤੇ ਇਜ਼ਹਾਰ ਦੀ ਸੁਰੱਖਿਆ ਕੀਤੀ ਜਾਂਦੀ ਹੈ। ਇਸ ਜਾਣਕਾਰੀ ਦੀ ਵਰਤੋਂ ਇਹਨਾਂ ਐਕਟਾਂ ਅਨੁਸਾਰ ਹੀ ਕੀਤੀ ਜਾਵੇਗੀ ਅਤੇ ਇਸ ਨੂੰ ਇਹਨਾਂ ਐਕਟਾਂ ਅਨੁਸਾਰ ਹੀ ਦੂਜਿਆਂ ਨਾਲ ਸਾਂਝਾ ਕੀਤਾ ਜਾਵੇਗਾ ਅਤੇ ਇਸ ਨੂੰ ਕੁਆਲਟੀ ਨੂੰ ਯਕੀਨੀ ਬਣਾਉਣ ਦੇ ਪ੍ਰਬੰਧ ਲਈ ਵਰਤਿਆ ਜਾਵੇਗਾ ਅਤੇ ਇਹ ਸੰਭਾਲ ਦੇਣ ਵਿੱਚ ਸ਼ਾਮਲ ਸਿਹਤ ਸੰਭਾਲ ਕਰਨ ਵਾਲਿਆਂ ਨਾਲ ਸਾਂਝੀ ਕੀਤੀ ਜਾਵੇਗੀ ਜਾਂ ਉਦੋਂ ਸਾਂਝੀ ਕੀਤੀ ਜਾਵੇਗੀ ਜਦੋਂ ਕਾਨੂੰਨ ਇਸ ਦੀ ਮੰਗ ਕਰਦਾ ਹੋਵੇ।

ਬੀ ਸੀ ਕੈਂਸਰ ਰਾਹੀਂ ਜਾਣਕਾਰੀ ਇਕੱਤਰ ਕਰਨ ਬਾਰੇ ਕੋਈ ਵੀ ਸਵਾਲ ਕੈਂਸਰ ਸਕਰੀਨਿੰਗ ਦੇ ਉਪਰੇਸ਼ਨਜ਼ ਡਾਇਰੈਕਟਰ ਨੂੰ ਪੁੱਛਿਆ ਜਾ ਸਕਦਾ ਹੈ (ਪਤਾ: 801 – 686 West Broadway, Vancouver BC V5Z 1G1, ਵੈੱਬ www.screeningbc.ca ਜਾਂ ਈਮੇਲ: screening@bccancer.bc.ca)

Version: March 2022

BC CANCER LUNG SCREENING

Provincial Health Services Authority



# ਫੇਫੜਿਆਂ ਦੀ ਸਕਰੀਨਿੰਗ

ਸਿਗਰਟਾਂ ਪੀਣ ਵਾਲੇ ਜਾਂ ਸਿਗਰਟਾਂ ਪੀਣ ਦੇ ਇਤਿਹਾਸ ਵਾਲੇ ਲੋਕਾਂ ਲਈ

www.screeningbc.ca/lung

# ਫੇਫੜਿਆਂ ਦੀ ਸਕਰੀਨਿੰਗ ਕਰਵਾ ਕੇ ਆਪਣੀ ਸਿਹਤ ਲਈ ਇਕ ਪਾਜ਼ੇਟਿਵ ਕਦਮ ਚੁੱਕੋ। ਸਕਰੀਨਿੰਗ ਸੌਖੀ, ਅਸਰਦਾਰ ਅਤੇ ਦਰਦਰਹਿਤ ਹੁੰਦੀ ਹੈ।


ਜਦੋਂ ਤੁਹਾਡੇ ਵਿੱਚ ਕੋਈ ਲੱਛਣ ਨਾ ਦਿਖਾਈ ਦੇ ਰਹੇ ਹੋਣ, ਉਸ ਵੇਲੇ ਫੇਫੜਿਆਂ ਦੀ ਸਕਰੀਨਿੰਗ ਕੈਂਸਰ ਦਾ ਅਗੇਤਾ ਪਤਾ ਲਾ ਕੇ ਮਦਦ ਕਰਦੀ ਹੈ। ਜਦੋਂ ਕੈਂਸਰ ਦਾ ਸ਼ੁਰੂ ਵਿੱਚ ਹੀ ਪਤਾ ਲੱਗ ਜਾਵੇ ਤਾਂ ਇਲਾਜ ਦੀਆਂ ਜ਼ਿਆਦਾ ਚੋਣਾਂ ਹੁੰਦੀਆਂ ਹਨ ਅਤੇ ਇਲਾਜ ਦੇ ਕਾਮਯਾਬ ਹੋਣ ਦੇ ਵਧੇਰੇ ਮੌਕੇ ਹੁੰਦੇ ਹਨ।

ਫੇਫੜਿਆਂ ਦੀ ਸਕਰੀਨਿੰਗ ਵਿੱਚ ਇਕ ਲੋਅ-ਡੋਜ਼ ਸੀਟੀ (ਐੱਲ ਡੀ ਸੀ ਟੀ) ਮਸ਼ੀਨ ਦੀ ਵਰਤੋਂ ਨਾਲ ਤੁਹਾਡੇ ਫੇਫੜਿਆਂ ਨੂੰ ਸਕੈਨ ਕੀਤਾ ਜਾਂਦਾ ਹੈ। ਇਹ ਸਕੈਨ ਮੁਫਤ ਹੁੰਦਾ ਹੈ ਅਤੇ ਤੁਹਾਡੇ ਇਲਾਕੇ ਦੇ ਹਸਪਤਾਲ ਵਿੱਚ ਕੀਤਾ ਜਾਂਦਾ ਹੈ।


# ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ?

ਫੇਫੜਿਆਂ ਦੀ ਕੈਂਸਰ ਹੋਣ ਦਾ ਖਤਰਾ ਘਟਾਉਣ ਦਾ ਸਭ ਤੋਂ ਵਧੀਆਂ ਢੰਗ ਸਿਗਰਟਾਂ ਨਾ ਪੀਣਾ ਅਤੇ ਜਾਂਚ ਕਰਵਾਉਣਾ ਹੈ।

ਫੇਫੜਿਆਂ ਦੀ ਕੈਂਸਰ ਬੀ ਸੀ ਵਿੱਚ ਮੌਤਾਂ ਦਾ ਵੱਡਾ ਕਾਰਨ ਹੈ।





## ਫੇਫੜਿਆਂ ਦੀ ਸਕਰੀਨਿੰਗ ਲਈ ਕੀ ਉਮੀਦ ਰੱਖਣੀ ਚਾਹੀਦੀ ਹੈ?

ਫੇਫੜਿਆਂ ਦੀ ਸਕਰੀਨਿੰਗ ਵਿੱਚ ਲੋਅ ਡੋਜ਼ (ਘੱਟ ਮਾਤਰਾ ਦੇ) ਸੀ ਟੀ ਸਕੈਨ ਰਾਹੀਂ ਫੇਫੜਿਆਂ ਦਾ ਸਕੈਨ ਕੀਤਾ ਜਾਂਦਾ ਹੈ। ਸਕੈਨ ਦੌਰਾਨ ਤੁਸੀਂ ਇਕ ਟੇਬਲ 'ਤੇ ਲੰਮੇ ਪਵੋਗੇ, ਅਤੇ ਰੇਡੀਏਸ਼ਨ ਦੀ ਥੋੜ੍ਹੀ ਜਿਹੀ ਮਾਤਰਾ ਦੀ ਵਰਤੋਂ ਕਰਨ ਵਾਲਾ ਇਕ ਡੋਨੱਟ ਵਰਗਾ ਸਕੈਨਰ ਤੁਹਾਡੇ ਫੇਫੜਿਆਂ ਦੀਆਂ ਵਿਸਤ੍ਰਿਤ ਤਸਵੀਰਾਂ ਲਵੇਗਾ। ਇਹ ਸਕੈਨ ਕਰਨ ਨੂੰ 10 ਸਕਿੰਟਾਂ ਤੋਂ ਘੱਟ ਸਮਾਂ ਲਗਦਾ ਹੈ ਅਤੇ ਇਸ ਨਾਲ ਦਰਦ ਨਹੀਂ ਹੁੰਦੀ। ਸਕੈਨ ਦੇ ਹੋਣ ਸਮੇਂ ਤੁਸੀਂ ਆਪਣੀਆਂ ਬਾਹਾਂ ਨੂੰ ਆਪਣੇ ਸਿਰ ਤੋਂ ਉੱਤੇ ਰੱਖੋਗੇ ਅਤੇ ਕੁੱਝ ਸਕਿੰਟਾਂ ਲਈ ਆਪਣਾ ਸਾਹ ਰੋਕੋਗੇ। ਇਸ ਟੈੱਸਟ ਲਈ ਤੁਹਾਨੂੰ ਕੋਈ ਦਵਾਈ ਨਹੀਂ ਲੈਣੀ ਪੈਂਦੀ ਜਾਂ ਕੋਈ ਟੀਕਾ ਨਹੀਂ ਲਵਾਉਣਾ ਪੈਂਦਾ।

ਸਕੈਨ ਫੇਫੜਿਆਂ ਦੀ ਕੈਂਸਰ ਦੇ ਸੰਕੇਤ ਅਤੇ ਫੇਫੜਿਆਂ ਦੀਆਂ ਹੋਰ ਬੀਮਾਰੀਆਂ ਨੂੰ ਦੇਖਦਾ ਹੈ। ਇਹ ਪਤਾ ਲੱਗਾ ਹੈ ਕਿ ਅਗੇਤੀ ਪਛਾਣ ਹੋਣ ਨਾਲ ਫੇਫੜਿਆਂ ਦੀ ਕੈਂਸਰ ਵਾਲੇ ਲੋਕਾਂ ਦੇ ਬਚਣ ਦੇ ਮੌਕੇ 20% ਤੱਕ ਵੱਧ ਜਾਂਦੇ ਹਨ।

## ਫੇਫੜਿਆਂ ਦੀ ਸਕਰੀਨਿੰਗ ਕਿਉਂ ਮਹੱਤਵਪੂਰਨ ਹੈ?

ਫੇਫੜਿਆਂ ਦੀ ਕੈਂਸਰ ਸਭ ਤੋਂ ਵੱਧ ਹੋਣ ਵਾਲੀਆਂ ਕੈਂਸਰਾਂ (ਮੋਸਟ ਡਾਇਆਗਨੋਸਡ ਕੈਂਸਰਜ਼) ਵਿੱਚੋਂ ਇਕ ਹੈ ਅਤੇ ਬੀ ਸੀ ਵਿੱਚ ਕੈਂਸਰ ਕਾਰਨ ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਹੈ। ਸਿਗਰਟਾਂ ਪੀਣਾ ਫੇਫੜਿਆਂ ਦੀ ਕੈਂਸਰ ਹੋਣ ਦਾ ਵੱਡਾ ਕਾਰਨ ਹੈ ਅਤੇ ਆਦਮੀਆਂ ਵਿੱਚ ਫੇਫੜਿਆਂ ਦੀ ਕੈਂਸਰ ਕਾਰਨ ਹੋਣ ਵਾਲੀਆਂ 70% ਮੌਤਾਂ ਅਤੇ ਔਰਤਾਂ ਵਿੱਚ ਫੇਫੜਿਆਂ ਦੀ ਕੈਂਸਰ ਕਾਰਨ ਹੋਣ ਵਾਲੀਆਂ 50% ਮੌਤਾਂ ਇਸ ਕਾਰਨ ਹੁੰਦੀਆਂ ਹਨ।

ਆਮ ਤੌਰ 'ਤੇ ਫੇਫੜਿਆਂ ਦੀ ਕੈਂਸਰ ਦੇ ਲੱਛਣ ਉਦੋਂ ਤੱਕ ਜ਼ਾਹਰ ਨਹੀਂ ਹੁੰਦੇ ਜਦੋਂ ਤੱਕ ਬੀਮਾਰੀ ਐਡਵਾਂਸ ਸਟੇਜ 'ਤੇ ਨਹੀਂ ਪਹੁੰਚ ਜਾਂਦੀ ਅਤੇ ਫੈਲ ਨਹੀਂ ਜਾਂਦੀ। ਸਕਰੀਨਿੰਗ ਰਾਹੀਂ ਕੈਂਸਰ ਦੀ ਅਗੇਤੀ ਪਛਾਣ ਕੈਂਸਰ ਬਾਰੇ ਮੁਢਲੇ ਪੜਾਅ 'ਤੇ ਪਤਾ ਲਾਉਣ ਵਿੱਚ ਮਦਦ ਕਰ ਸਕਦੀ ਹੈ ਜਦੋਂ ਇਲਾਜ ਜ਼ਿਆਦਾ ਕਾਮਯਾਬ ਹੁੰਦਾ ਹੈ।

## ਮੇਰੀ ਫੇਫੜਿਆਂ ਦੀ ਸਕਰੀਨਿੰਗ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਡੀ ਫੇਫੜਿਆਂ ਦੀ ਜਾਂਚ ਤੋਂ ਬਾਅਦ ਇਕ ਰੇਡੀਓਲੋਜਿਸਟ ਤੁਹਾਡੇ ਸਕੈਨ 'ਤੇ ਧੱਬਿਆ ਨੂੰ ਦੇਖਦਾ ਹੈ, ਜਿਹਨਾਂ ਨੂੰ ਨੋਡਿਊਲਜ਼ (ਛੋਟੀਆਂ ਗੰਢਾਂ) ਵੀ ਕਿਹਾ ਜਾਂਦਾ ਹੈ। ਇਹ ਧੱਬੇ ਟਿਸ਼ੂਆਂ ਦੀਆਂ ਛੋਟੀਆਂ ਗਿਲਟੀਆਂ ਦਿਖਾਉਂਦੇ ਹਨ, ਜਿਹੜੀਆਂ ਬਹੁਤ ਸਾਰੇ ਲੋਕਾਂ ਦੇ ਹੁੰਦੀਆਂ ਹਨ। ਸਿਰਫ ਤੁਹਾਡਾ ਸਕੈਨ ਸਾਨੂੰ ਇਹ ਨਹੀਂ ਦੱਸ ਸਕਦਾ ਕਿ ਕੀ ਇਹ ਧੱਬੇ ਦਾਗ ਹਨ, ਇਨਫਲਾਮੇਸ਼ਨ ਵਾਲੀਆਂ ਥਾਂਵਾਂ ਹਨ ਜਾਂ ਕੈਂਸਰ ਹਨ। ਤੁਹਾਡੇ ਵੱਲੋਂ ਲਏ ਜਾਣ ਵਾਲੇ ਅਗਲੇ ਕਦਮਾਂ ਦਾ ਫੈਸਲਾ ਲੱਭੇ ਗਏ ਧੱਬਿਆਂ ਦੇ ਆਕਾਰ ਅਤੇ ਸ਼ਕਲ ਕਰਦੇ ਹਨ। ਤੁਹਾਡੇ ਨਤੀਜਿਆਂ ਮੁਤਾਬਕ ਤੁਹਾਨੂੰ 1 ਤੋਂ 2 ਸਾਲਾਂ ਬਾਅਦ ਫਿਰ ਜਾਂਚ ਕਰਵਾਉਣ ਲਈ ਕਿਹਾ ਜਾ ਸਕਦਾ ਹੈ ਜਾਂ ਹੋਰ ਟੈੱਸਟ ਕਰਵਾਉਣ ਲਈ ਕਿਹਾ ਜਾ ਸਕਦਾ ਹੈ ਜਿਹਨਾਂ ਵਿੱਚ ਹੋਰ ਸਕੈਨ ਕਰਵਾਉਣਾ ਜਾਂ ਫੇਫੜੇ ਦੀ ਬਾਇਓਪਸੀ ਕਰਵਾਉਣਾ ਸ਼ਾਮਲ ਹੈ।

## ਸਿਗਰਟਾਂ ਛੱਡਣਾ

ਸਿਗਰਟਾਂ ਛੱਡਣਾ ਮੁਸ਼ਕਿਲ ਹੋ ਸਕਦਾ ਹੈ। ਪਰ ਸਿਗਰਟਾਂ ਛੱਡਣਾ ਤੁਹਾਡੀ ਸਕਰੀਨਿੰਗ ਦੇ ਫਾਇਦਿਆਂ ਨੂੰ ਦੁੱਗਣਾ ਕਰ ਦਿੰਦਾ ਹੈ ਅਤੇ ਤੁਹਾਡੀ ਸਿਹਤ ਵਿੱਚ ਵੱਡਾ ਸੁਧਾਰ ਕਰਦਾ ਹੈ। ਸਿਗਰਟਾਂ ਛੱਡਣਾ ਦਿਲ ਦੇ ਦੌਰੇ, ਸਟਰੋਕ, ਕ੍ਰੋਨਕ ਉਬਸਟ੍ਰਕਟਿਵ ਪਲਮੋਨਰੀ ਡਿਜ਼ੀਜ਼ (ਸੀ ਓ ਪੀ ਡੀ) ਵਰਗੀਆਂ ਤਮਾਖੂ ਨਾਲ ਸੰਬੰਧਿਤ ਹੋਰ ਬੀਮਾਰੀਆਂ ਦੇ ਨਤੀਜਿਆਂ ਵਿੱਚ ਵੀ ਸੁਧਾਰ ਕਰਦਾ ਹੈ। ਸਿਗਰਟਾਂ ਛੱਡਣ ਦੇ ਤੁਹਾਡੇ ਫੈਸਲੇ ਦਾ ਸਮਰਥਨ ਕਰਨ ਲਈ ਕਈ ਵਸੀਲੇ ਹਨ। ਲੰਗ ਸਕਰੀਨਿੰਗ ਪ੍ਰੋਗਰਾਮ ਨਾਲ ਤੁਹਾਡੇ ਸਲਾਹ ਮਸ਼ਵਰੇ ਦੌਰਾਨ ਅਸੀਂ ਤੁਹਾਡੇ ਨਾਲ ਇਨ੍ਹਾਂ ਵਸੀਲਿਆਂ ਬਾਰੇ ਗੱਲ ਕਰਾਂਗੇ।